Khalsa School Calgary
ਖਾਲਸਾ ਸਕੂਲ ਕੈਲਗਰੀ
245228 Conrich RD, Conrich, AB, T1Z 0N8
Phone: 403-293-7712 Fax: 403-293-2245

ਵਾਹਿਗੁਰੂ ਜੀ ਕਾ ਖ਼ਾਲਸਾ।।
ਵਾਹਿਗੁਰੂ ਜੀ ਕੀ ਫ਼ਤਹਿ।।

ਪੰਜਾਬੀ ਕਲਾਸਾਂ

ਕਿੰਡਰਗਾਰਟਨ ਤੋਂ ਗਰੇਡ 9 ਦੇ ਵਿਦਿਆਰਥੀ ਪੰਜਾਬੀ ਕਲਾਸਾਂ ਵਿੱਚ ਆਪਣੇ ਗਰੇਡ ਲੈਵਲ ਅਨੁਸਾਰ ਗੁਰਮੁਖੀ ਪੜ੍ਹਨ ਅਤੇ ਲਿਖਣ ਦਾ ਅਭਿਆਸ ਸ਼ੁਰੂ ਕਰ ਚੁੱਕੇ ਹਨ।

ਗੁਰਮਤਿ ਕਲਾਸਾਂ

ਗੁਰਮਤਿ ਕਲਾਸਾਂ ਵਿੱਚ ਕਿੰਡਰਗਾਰਟਨ ਤੋਂ ਗਰੇਡ 9 ਦੇ ਵਿਦਿਆਰਥੀ ਆਪਣੇ ਗਰੇਡ ਲੈਵਲ ਅਨੁਸਾਰ ਮੁੱਢਲੀ ਗੁਰਮਤਿ ਸਿੱਖਿਆ ਦਾ ਅਭਿਆਸ ਕਰ ਰਹੇ ਹਨ। ਗਰੇਡ 4 ਤੋਂ ਗਰੇਡ 9 ਦੇ ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਖ਼ਾਲਸਾ ਸਕੂਲ ਦੇ ਵਿਦਿਆਰਥੀ ਅਕਤੂਬਰ ਮਹੀਨੇ ਵਿੱਚ ਆਉਣ ਵਾਲੇ ਹੇਠ ਲਿਖੇ ਇਤਿਹਾਸਿਕ ਦਿਹਾੜਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।

- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ।
- ਜਨਮ ਦਿਹਾੜਾ ਭਾਈ ਤਾਰੂ ਸਿੰਘ ਜੀ ਅਤੇ ਬਾਬਾ ਬੁੱਢਾ ਸਾਹਿਬ ਜੀ।
- ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ।
- ਜੋਤੀ -ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ।
- ਬੰਦੀ -ਛੋੜ੍ਹ ਦਿਵਸ।
- ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

245228 Conrich RD, Conrich, AB, T1Z 0N8
Phone: 403-293-7712 Fax: 403-293-2245

- ਜੋਤੀ -ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ।
- ਜਨਮ ਦਿਹਾੜਾ ਬਾਬਾ ਬੰਦਾ ਸਿੰਘ ਬਹਾਦਰ ਜੀ।
- ਸਾਕਾ ਸ੍ਰੀ ਪੰਜਾ ਸਾਹਿਬ ਜੀ।

**ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਵਸ ਅਤੇ ਬੰਦੀ-ਛੋੜ ਦਿਵਸ।**

**ਆਪ ਸਭ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਵਸ ਅਤੇ ਬੰਦੀ-ਛੋੜ ਦਿਵਸ ਦੀਆਂ ਬਹੁਤ-ਬਹੁਤ ਵਧਾਈਆਂ।**

ਖ਼ਾਲਸਾ ਸਕੂਲ ਵਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਵਸ ਅਤੇ ਬੰਦੀ-ਛੋੜ ਦਿਵਸ ਦਿਨ ਮੰਗਲਵਾਰ, 21 ਅਕਤੂਬਰ , 2025 ਨੂੰ ਮਨਾਇਆ ਜਾ ਰਿਹਾ ਹੈ। 9:00-9:45 ਵਿਸ਼ੇਸ ਅਸੈਂਬਲੀ ਜੋ ਕਿ ਬੰਦੀ-ਛੋੜ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਹੋਵੇਗੀ। ਇਸ ਦਿਨ ਬੱਚਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਜਾਵੇਗਾ। ਬੰਦੀ-ਛੋੜ ਦਿਵਸ ਦਾ ਇਤਿਹਾਸ ਅਤੇ ਕਵਿਤਾਵਾਂ ਸੁਣਾਈਆਂ ਜਾਣਗੀਆਂ। ਇਸ ਸਬੰਧੀ ਹੋਰ ਜਾਣਕਾਰੀ ਆਪ ਜੀ ਨਾਲ ਆਉਣ ਵਾਲੇ ਦਿਨਾਂ ਵਿੱਚ ਸਾਂਝੀ ਕੀਤੀ ਜਾਵੇਗੀ।



